BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਲਗਾਤਾਰ ਆੱਟੋ ਇੰਸ਼ੋਰੈਂਸ ਰੇਟਸ ਤੇ ਫੇਅਰ ਡੀਲ ਵਾਸਤੇ ਹਿਮਾਇਤ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (14 ਫਰਵਰੀ, 2022) – ਸਿਟੀ ਆਫ ਬ੍ਰੈਂਪਟਨ ਲਗਾਤਾਰ, ਓਨਟੈਰੀਓ ਵਿੱਚ ਆੱਟੋ ਇੰਸ਼ੋਰੈਂਸ ਰੇਟਸ ਦੀ ਸਮੀਖਿਆ ਅਤੇ ਇਹਨਾਂ ਵਿੱਚ ਸੁਧਾਰ ਕਰਨ ਲਈ ਪ੍ਰੋਵਿੰਸੀਅਲ ਸਰਕਾਰ ਨੂੰ ਅਪੀਲ ਕਰ ਰਹੀ ਹੈ।

ਅਪ੍ਰੈਲ 2021 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਇਸ ਬਾਰੇ ਵੇਰਵਾ ਦਿੰਦੇ ਹੋਏ, ਸਰਬਸੰਮਤੀ ਦੇ ਨਾਲ ਇੱਕ ਪ੍ਰਸਤਾਵ ਪਾਸ ਕੀਤਾ ਸੀ ਕਿ ਬ੍ਰੈਂਪਟਨ ਦੇ ਨਿਵਾਸੀ ਕਿਸ ਤਰ੍ਹਾਂ ਓਨਟੈਰੀਓ ਵਿੱਚ ਸਭ ਤੋਂ ਵੱਧ ਆੱਟੋ ਇੰਸ਼ੋਰੈਂਸ ਰੇਟਸ ਦਾ ਭੁਗਤਾਨ ਕਰ ਰਹੇ ਹਨ। ਨਾਲ ਹੀ, ਕਾਉਂਸਿਲ ਨੇ ਆਪਣੀ **#FairDealForBrampton** ਮੁਹਿੰਮ ਦੀ ਸ਼ੁਰੂਆਤ ਕੀਤੀ (launched its **#FairDealForBrampton** campaign)। ਹੁਣ ਤੱਕ, 19,000 ਤੋਂ ਵੱਧ ਨਿਵਾਸੀਆਂ ਨੇ, ਪਟੀਸ਼ਨ ਉੱਤੇ ਦਸਤਖ਼ਤ ਕਰਕੇ ਮੁਹਿੰਮ ਵਿੱਚ ਹਿੱਸਾ ਲਿਆ ਹੈ।

ਪਿਛਲੇ ਮਹੀਨੇ, *RATESDOTCA* ਨੇ ਆਪਣੇ ਆੱਟੋ ਇੰਸ਼ਿਓਰਮੈਪ (Auto Insuramap) ਦੇ ਅਧਾਰ ਤੇ, ਜੋ ਪੋਸਟਲ ਕੋਡਸ ਦੇ ਅਧਾਰ ਤੇ ਪ੍ਰੀਮੀਅਮਾਂ ਦੀ ਯੋਜਨਾ ਦੇ ਵੇਰਵੇ ਦਿੰਦਾ ਹੈ, ਓਨਟੈਰੀਓ ਦੇ ਸ਼ਹਿਰਾਂ ਵਾਸਤੇ ਕਾਰ ਇੰਸ਼ੋਰੈਂਸ ਪ੍ਰੀਮੀਅਮਾਂ (car insurance premiums for Ontario cities) ਤੇ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਵਿੱਚ, ਬੀਮਾ ਕੰਪਨੀਆਂ ਨੂੰ ਇੰਸ਼ੋਰੈਂਸ ਰੇਟਸ ਤੈਅ ਕਰਨ ਵਿੱਚ ਮੁੱਖ ਕਾਰਕਾਂ ਵਜੋਂ, ਪੋਸਟਲ ਕੋਡਸ ਜਾਂ ਏਰੀਆ ਕੋਡਸ ਵਰਤਣ ਤੋਂ ਰੋਕਣ ਵਾਸਤੇ, ਸਿਟੀ ਦੀ **#FairDealForBrampton** ਮੁਹਿੰਮ ਦਾ ਹਵਾਲਾ ਦਿੱਤਾ ਗਿਆ ਹੈ। ਬ੍ਰੈਂਪਟਨ ਵਿੱਚ, 2021 ਵਿੱਚ, ਰੇਟਸ ਘਟ ਕੇ 26.8 ਪ੍ਰਤੀਸ਼ਤ, ਜਾਂ 2,698 ਡਾਲਰ ਤੋਂ ਘਟ ਕੇ 1,975 ਡਾਲਰ ਹੋ ਗਏ ਹਨ। ਬ੍ਰੈਂਪਟਨ, ਓਨਟੈਰੀਓ ਵਿੱਚ ਸਭ ਤੋਂ ਵੱਧ ਮਹਿੰਗੇ ਸ਼ਹਿਰ ਤੋਂ, ਚੌਥਾ ਸਭ ਤੋਂ ਵੱਧ ਮਹਿੰਗਾ ਸ਼ਹਿਰ ਬਣ ਗਿਆ।

ਬ੍ਰੈਂਪਟਨ ਸਿਟੀ ਕਾਉਂਸਿਲ ਬੇਨਤੀ ਕਰਦੀ ਹੈ ਕਿ ਓਨਟੈਰੀਓ ਸਰਕਾਰ, ਬ੍ਰੈਂਪਟਨ ਦੇ ਨਿਵਾਸੀਆਂ ਲਈ ਜੀਵਨ ਨੂੰ ਨਿਰਪੱਖਤਾ ਵਾਲਾ ਅਤੇ ਵੱਧ ਕਿਫਾਇਤੀ ਬਣਾਉਣ ਲਈ, ਬਿਲ 42, *ਆੱਟੋਮੋਬਾਈਲ ਵਿੱਚ ਪੱਖਪਾਤ ਦਾ ਖਾਤਮਾ ਐਕਟ* (Bill 42, *Ending Discrimination in Automobile Insurance Act)* ਪੇਸ਼ ਕਰੇ।

ਸਿਟੀ ਦੀ #FairDealForBrampton ਮੁਹਿੰਮ ਬਾਰੇ ਹੋਰ ਜਾਣਕਾਰੀ, www.brampton.ca/fairdealforbrampton.ca ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

**ਹਵਾਲੇ**

"ਕਿਉਂਕਿ ਸਾਡੇ ਨਿਵਾਸੀ ਅਤੇ ਓਨਟੈਰੀਓ ਦੇ ਲੋਕ ਲਗਾਤਾਰ, ਉਹਨਾਂ ਆਰਥਿਕ ਚੁਣੌਤੀਆਂ ਦਾ ਸਾਮ੍ਹਣਾ ਕਰ ਰਹੇ ਹਨ, ਜੋ ਕੋਵਿਡ-19 ਮਹਾਂਮਾਰੀ ਤੋਂ ਪੈਦਾ ਹੋਈਆਂ ਹਨ, ਇਸਲਈ ਸਰਕਾਰ ਦੇ ਸਾਰੇ ਮਹਿਕਮਿਆਂ ਲਈ ਸਾਡੇ ਸੂਬੇ ਵਿੱਚ, ਆੱਟੋ ਇੰਸ਼ੋਰੈਂਸ ਦੀਆਂ ਉੱਚ ਕੀਮਤਾਂ ਤੇ ਧਿਆਨ ਦੇਣ ਲਈ ਇਕੱਠੇ ਮਿਲਕੇ ਕੰਮ ਕਰਨਾ ਲਾਜ਼ਮੀ ਹੈ। ਜਦੋਂ ਤੋਂ ਅਸੀਂ ਸਾਡੀ #FairDealForBrampton ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, 19,000 ਤੋਂ ਵੱਧ ਨਿਵਾਸੀ, ਇੰਸ਼ੋਰੈਂਸ ਇੰਡਸਟਰੀ ਵਿੱਚ ਤਬਦੀਲੀ ਦੀ ਲੋੜ ਲਈ ਸਾਡੇ ਨਾਲ ਜੁੜੇ ਹਨ। ਬ੍ਰੈਂਪਟਨ ਸਿਟੀ ਕਾਉਂਸਿਲ ਅਤੇ ਨਿਵਾਸੀ, ਬਿਲ 42, *ਆੱਟੋਮੋਬਾਈਲ ਵਿੱਚ ਪੱਖਪਾਤ ਦਾ ਖਾਤਮਾ ਐਕਟ* ਨੂੰ ਪੇਸ਼ ਕਰਨ ਅਤੇ ਇੰਸ਼ੋਰੈਂਸ ਰੇਟਸ ਵਿੱਚ ਪੋਸਟਲ ਕੋਡ ਪੱਖਪਾਤ ਖ਼ਤਮ ਕਰਨ ਦੀ ਲੋੜ ਲਈ, ਇੱਕਜੁੱਟ ਹਨ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹਾਲਾਂਕਿ ਇਹ ਬਹੁਤ ਵਧੀਆ ਖਬਰ ਹੈ ਕਿ ਪਿਛਲੇ ਸਾਲ ਬ੍ਰੈਂਪਟਨ ਵਿੱਚ, ਆੱਟੋ ਇੰਸ਼ੋਰੈਂਸ ਪ੍ਰੀਮੀਅਮ ਘਟ ਗਏ ਹਨ, ਫਿਰ ਵੀ ਸਾਡੇ ਨਿਵਾਸੀ ਲਗਾਤਾਰ, ਸਿਰਫ ਆਪਣੇ ਪੋਸਟਲ ਕੋਡਸ ਦੇ ਕਾਰਨ ਸੂਬੇ ਵਿੱਚ ਸਭ ਤੋਂ ਉੱਚ ਰੇਟਸ ਦਾ ਭੁਗਤਾਨ ਕਰ ਰਹੇ ਹਨ। ਬ੍ਰੈਂਪਟਨ ਸਿਟੀ ਕਾਉਂਸਿਲ ਦੁਬਾਰਾ, ਓਨਟੈਰੀਓ ਵਿੱਚ ਆੱਟੋਮੋਬਾਈਲ ਇੰਸ਼ੋਰੈਂਸ ਰੇਟਸ ਦੀ ਸਮੀਖਿਆ ਕਰਨ ਅਤੇ ਇਹਨਾਂ ਵਿੱਚ ਸੁਧਾਰ ਕਰਨ ਵਾਸਤੇ, ਪ੍ਰੋਵਿੰਸ਼ੀਅਲ ਸਰਕਾਰ ਨੂੰ ਬੇਨਤੀ ਕਰਦੀ ਹੈ, ਤਾਂ ਜੋ ਅਸੀਂ #FairDealForBrampton ਪ੍ਰਾਪਤ ਕਰ ਸਕੀਏ ਅਤੇ ਸਾਡੇ ਸ਼ਹਿਰ ਦੇ ਡ੍ਰਾਈਵਰਾਂ ਲਈ ਜੀਵਨ, ਵੱਧ ਕਿਫਾਇਤੀ ਹੋਵੇ।"

*- ਗੁਰਪ੍ਰੀਤ ਢਿੱਲੋਂ (Gurpreet Dhillon), ਰੀਜਨਲ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca